**ਪੰਜਾਬੀ ਯੂਨੀਵਰਸਿਟੀ ਪਟਿਆਲਾ**

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਪ੍ਰੈਕਟੀਕਲ ਸ਼ਾਖਾ

ਨੰਬਰ: 428/ ਪ੍ਰੈ.
ਮਿਤੀ: 10/10/2024

**ਅਤਿ-ਜ਼ਰੂਰੀ ਸੂਚਨਾ**

ਸਮੂਹ ਪ੍ਰਿੰਸੀਪਲ ਸਹਿਬਾਨ,
ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ।

**ਵਿਸ਼ਾ: ਦਸੰਬਰ-2024 ਪ੍ਰੈਕਟੀਕਲ ਪ੍ਰੀਖਿਆਵਾਂ (ਸਾਰੇ ਕੋਰਸਾਂ) ਸਬੰਧੀ ।**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ ਸਮੂਹ ਕਾਲਜਾਂ ਵਿਖੇ ਪੰਜਾਬੀ ਸਭਿਆਚਾਰ ਦੇ ਅੰਤਰਗਤ ਲੁਪਤ ਹੋ ਰਹੀਆਂ ਲੋਕ ਕਲਾਵਾਂ ਨੂੰ ਵਿਦਿਆਰਥੀਆਂ ਵਿੱਚ ਪ੍ਰਫੁਲਿਤ ਕਰਨ ਹਿੱਤ ਅਕਤੂਬਰ ਅਤੇ ਨਵੰਬਰ-2024 ਵਿੱਚ ਹੋਣ ਵਾਲੇ ਅੰਤਰ ਖੇਤਰੀ ਲੋਕ ਮੇਲਿਆਂ ਕਾਰਨ ਦਸੰਬਰ-2024 ਵਿੱਚ ਹੋਣ ਵਾਲੀਆਂ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕੋਰਸਾਂ (ਰੈਗੂਲਰ ਅਤੇ ਰੀ-ਅਪੀਅਰ ਵਿਦਿਆਰਥੀਆਂ) ਦੀਆਂ **ਪ੍ਰੈਕਟੀਕਲ ਪ੍ਰੀਖਿਆਵਾਂ** ਕੰਟਰੋਲਰ (ਪ੍ਰੀਖਿਆਵਾਂ) ਦੇ ਆਦੇਸ਼ਾਂ ਦੀ ਲੋਅ ਵਿੱਚ ਥਿਊਰੀ ਪ੍ਰੀਖਿਆਵਾਂ ਤੋਂ ਬਾਅਦ ਕਰਵਾਈਆਂ ਜਾਣਗੀਆਂ।

ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਅੰਡਰ ਗਰੈਜੂਏਟ ਕਲਾਸਾਂ/ਡਿਪਲੋਮਾ/ਸਰਟੀਫੀਕੇਟ/ਪੀ.ਜੀ.ਡਿਪਲੋਮਾ (ਸਾਰੇ ਕੋਰਸਿਜ (ਰੈਗੂਲਰ ਅਤੇ ਰੀ-ਅਪੀਅਰ ਵਿਦਿਆਰਥੀਆਂ) (ਰੀ-ਅਪੀਅਰ ਵਿਦਿਆਰਥੀਆਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧਿਤ ਵਿਭਾਗ/ਕਾਲਜਾਂ ਦੇ ਮੁਖੀ/ਪ੍ਰਿੰਸੀਪਲ ਸਾਹਿਬਾਨ ਵੱਲੋ ਲਈਆਂ ਜਾਣਗੀਆਂ) ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ (ਸਮੈਸਟਰ ਪਹਿਲਾ, ਤੀਜਾ, ਪੰਜਵਾਂ, ਸੱਤਵਾਂ, ਨੌਵਾਂ ਅਤੇ ਗਿਆਰਵਾਂ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ ਕਾਲਜਾਂ ਦੇ ਮੁੱਖੀ/ਪ੍ਰਿੰਸੀਪਲ ਸਾਹਿਬਾਨ ਵੱਲੋਂ ਪਹਿਲਾਂ ਦੀ ਤਰ੍ਹਾਂ ਹੀ ਆਪਣੇ ਪੱਧਰ ਤੇ ਕਰਵਾਈਆਂ ਜਾਣੀਆਂ ਹਨ।

10/10/2024

ਵਧੀਕ ਕੰਟਰੋਲਰ (ਪ੍ਰੀਖਿਆਵਾਂ)

10.10.24